Office of the
Deputy Commissioner, Sangrur
Telephone :+911672-234004 Email:- dc.sgr@punjab.gov.in

ਦਫ਼ਤਰ
ਡਿਪਟੀ ਕਮਿਸ਼ਨਰ, ਸੰਗਰੂਰ
ਟੈਲੀਫੋਨ :+911672-234004 ਈਮੇਲ:- dc.sgr@punjab.gov.in

ਵੱਲ

1) ਉਪ ਮੰਡਲ ਮੈਜਿਸ੍ਟਰੇਟ
ਸੰਗਰੂਰ,ਸੁਨਾਮ,ਧੂਰੀ,ਲਹਿਰਾ,ਮੂਨਕ,ਮਾਲੇਰਕੋਟਲਾ,ਅਹਿਮਦਗੜ੍ਹ,ਭਵਾਨੀਗੜ੍ਹ,ਦਿੜ੍ਹਬਾ

2) ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ
ਸੰਗਰੂਰ,ਭਵਾਨੀਗੜ੍ਹ,ਸੁਨਾਮ,ਲਹਿਰਾ,ਧੂਰੀ,ਸੇਰਪੁਰ,ਮਾਲੇਰਕੋਟਲਾ-1, ਮਾਲੇਕਰੋਟਲਾ -2, ਦਿੜ੍ਹਬਾ ਅਨਦਾਨਾ ਐਟ ਮੂਨਕ

ਮੀਮੋਂ ਨੰ 2020/ਫ.ਕ/.4767-87 ਮਿਤੀ.27-03-2020

ਵਿਸ਼ਾ:- **ਸਲੱਮ ਏਰੀਏ ਵਿੱਚ ਗਰੀਬਾਂ ਲੌਕਾ ਨੂੰ ਮੁਫਤ ਖਾਣ-ਪੀਣ ਦੀਆਂ ਚੀਜਾਂ ਲੋੜੀਦੀ ਵਸਤੂਆਂ ਰਾਸ਼ਨ ਦੀ ਵੰਡ ਕਰਨ ਸਬੰਧੀ ।**

***************

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵਲੋਂ ਆਪ ਜੀ ਦੇ ਦਫ਼ਤਰ ਨੂੰ ਸੱਲਮ ਏਰੀਏ ਵਿੱਚ ਲੌਕਾ ਨੂੰ ਫਰੀਂ ਖਾਣ-ਪੀਣ ਦੀਆਂ ਚੀਜਾਂ ਲੋੜੀਦੀ ਵਸਤੂਆਂ ਰਾਸ਼ਨ ਦੀ ਵੰਡ ਦੀ ਸਬੰਧੀ 2-2 ਲੱਖ ਰਪਏ ਪ੍ਰਤੀ ਡਵੀਜਨ ਜਾਰੀ ਕੀਤਾ ਗਿਆ ਹੈ ਤੇ ਜਰੂਰਤ ਪੈਣ ਤੇ ਆਪ ਜੀ ਦੀ ਮੰਗ ਅਨੁਸਾਰ ਸਲੱਸ ਏਰੀਏ ਵਿੱਖੇ ਗਰੀਬਾ ਨੂੰ ਫਰੀ ਖਾਣ ਪੀਣ ਦੀਆਂ ਚੀਜਾਂ ਦੇਣ ਲਈ ਹੋਰ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ । ਇਸ ਲਈ ਸਹਿਰੀ ਖੇਤਰਾ ਅਤੇ ਪਿੰਡਾ ਵਿੱਚ ਕਰਫਿਊ ਦੋਰਾਨ ਫਰੀ ਰਾਸ਼ਨ ਦੀ ਵੰਡ ਕਰਦੇ ਸਮੇ ਨਿਮਨ ਅਨੁਸਾਰ ਨਿਯਮਾਂ ਦੀ ਪਾਲਣਾਂ ਕੀਤੀ ਜਾਵੇ ।

## ਸ਼ਹਿਰਾ ਵਿੱਚ ਝੁੱਗੀ/ਝੋਪੜੀਆਂ ਵਿੱਚ ਮੁਫਤ ਰਾਸ਼ਨ ਦੀ ਵੰਡ

1) ਕਰਫਿਊ ਦੋਰਾਨ ਆਪ ਜੀ ਦੇ ਡਵੀਜਨ ਵਿਖੇ ਸਥਿਤ ਸਲੱਮ ਏਰੀਏ ਦੀ ਪੜਤਾਲ ਕੀਤੀ ਜਾਵੇ ਅਤੇ ਉਥੇ ਰਾਸ਼ਨ ਦੀ ਵੰਡ ਕੀਤੀ ਜਾਵੇ।ਰਾਸ਼ਨ ਦੀ ਵੰਡ ਸਮੇਂ ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਕੋਈ ਗਰੀਬ ਘਰ ਬਿਨ੍ਹਾ ਰਾਸ਼ਨ ਤੋ ਨਾ ਰਹਿ ਜਾਵੇ ਅਤੇ ਕੁਲ ਵੰਡੇ ਗਏ ਰਾਸ਼ਨ ਸਬੰਧੀ ਲਿਸ੍ਟਾਂ ਰੋਜਾਨਾ ਪ੍ਰਫਾਰਮੇ ਵਿੱਚ ਇਸ ਦਫ਼ਤਰ ਨੂੰ ਇਸ ਦਫ਼ਤਰ ਦੀ ਮੇਲ ਆਈ.ਡੀ broadcastcovid19@gmail.com ਤੇ ਘੱਲਿਆ ਜਾਣ।
2) ਕਰਫਿਊ ਦੋਰਾਨ ਜ਼ੋ ਗੈਰ ਸਰਕਾਰੀ ਸ਼ਸਥਾਵਾ ਫਰੀ ਰਾਸ਼ਨ ਦੀ ਵੰਡ ਕਰਨਾ ਚਾਹੁੰਦੀਆਂ ਹਨ।ਉਹ ਘੱਟ ਤੋ ਘੱਟ 50 ਪਰਿਵਾਰਾ ਦੇ ਇਕ ਹਫਤੇ ਦੇ ਰਾਸ਼ਨ ਦੀ ਵੰਡ ਕਰ ਸਕਦੀਆਂ ਹਨ । ਉਹ ਉਕਤ ਰਾਸ਼ਨ ਦੀ ਵੰਡ ਸਬੰਧਤ ਉਪ ਮੰਡਲ ਮੈਜਿਸ਼ਟਰੇਟ ਰਾਹੀਂ ਕਰ ਸਕਦੀਆਂ ਹਨ ।ਇਨ੍ਹਾਂ ਸ਼ਸਥਾਵਾ ਦਾ ਇਕ ਕਰਮਚਾਰੀ ਉਕਤ ਵਿਅਕਤੀਆਂ ਨਾਲ ਰਾਸ਼ਨ ਦੀ ਵੰਡ ਕਰਨ ਲਈ ਜਾ ਸਕਦਾ ਹੈ।ਰਾਸ਼ਨ ਦੀ ਵੰਡ ਕਰਦੇ ਸਮੇਂ ਲੋਕਾਂ ਨੂੰ ਅਪੀਲ ਕੀਤੀ ਜਾਵੇ ਕਿ ਉਹ ਆਪਣੇ ਘਰ ਵਿੱਚ ਹੀ ਰਹਿਣ ਤੇ ਰਾਸ਼ਨ ਦੀ ਵੰਡ ਉਨ੍ਹਾਂ ਦੇ ਘਰ ਵਿੱਚ ਹੀ ਕੀਤੀ ਜਾਵੇਗੀ ।
3) ਫਰੀ ਰਾਸ਼ਨ ਦੀ ਵੰਡ ਕਰਨ ਸਮੇਂ ਇਹ ਵੀ ਧਿਆਨ ਰੱਖਿਆ ਜਾਵੇ ਕਿ ਰਾਸ਼ਨ ਦੀ ਵੰਡ ਇਕੋ ਹੀ ਸਲੱਮ ਏਰੀਏ ਵਿੱਚ ਨਾ ਕੀਤੀ ਜਾਵੇ ਬਲਕਿ ਆਪ ਜੀ ਡਵੀਜਨ ਅੰਦਰ ਸਥਿਤ ਸਾਰੇ ਸਲੱਮਜ ਈਰੀਏ ਨੂੰ ਕਵਰ ਕੀਤਾ ਜਾਵੇ ।ਇਸ ਤੋ ਇਲਾਵਾ ਆਪ ਜੀ ਦੀ ਡਵੀਜਨ ਅਧੀਨ ਸਾਰੀਆਂ ਗੈਰ ਸਰਕਾਰੀ ਸਮਾਜਿਕ ਸਸਥਾਵਾ ਨਾਲ ਵੀ ਤਾਲਮੇਲ ਕੀਤਾ ਜਾਵੇ ਕਿ ਉਨ੍ਹਾਂ ਵਲੋ ਹਾਲ ਦੀ ਘੜੀ ਕਿਸੀ ਸਲੱਮਜ ਏਰੀਏ ਦੇ ਅੰਦਰ ਸਮਾਨ ਦੀ ਵੰਡ ਕੀਤੀ ਗਈ ਹੈ ਜਾ ਨਹੀ ? ਤਾਂ ਜ਼ੋ ਇਕੋ ਹੀ ਸਲੱਮ ਏਰੀਏ ਵਿੱਚ ਬਾਰ-ਬਾਰ ਰਾਸ਼ਨ ਦੀ ਵੰਡ ਨਾ ਕੀਤੀ ਜਾਵੇ ।
4) ਇਸ ਤੋ ਇਲਾਵਾ ਸਾਰੀਆਂ ਧਾਰਮਿਕ ਸ਼ਸਥਾਵਾ ਤੇ ਆਮ ਪਬਲਿਕ ਨੂੰ ਆਉਣ-ਜਾਉਣ ਤੋ ਰੋਕਿਆ ਜਾਵੇ ।

Scanned with CamScanner

Office of the
Deputy Commissioner, Sangrur
Telephone :+911672-234004 Email:- dc.sgr@punjab.gov.in

ਦਫ਼ਤਰ
ਡਿਪਟੀ ਕਮਿਸ਼ਨਰ, ਸੰਗਰੂਰ
ਟੈਲੀਫੋਨ :+911672-234004 ਈਮੇਲ:- dc.sgr@punjab.gov.in

# ਪਿੰਡਾ ਵਿੱਚ ਰਹਿੰਦੇ ਗਰੀਬ ਪਰਿਵਾਰਾਂ ਲਈ ਰਾਸ਼ਨ ਦੀ ਮੁਫਤ ਵੰਡ

1) ਕਰਫਿਉ ਦੋਰਾਨ ਪਿੰਡਾ ਵਿੱਚ ਫਰੀ ਰਾਸ਼ਨ ਦੀ ਵੰਡ ਲਈ ਇਸ ਦਫਤਰ ਵਲੋਂ ਪਿੰਡਾ ਦੇ ਨਿਮਨ ਅਨੁਸਾਰ ਵਿਅਕਤੀਆਂ ਨੂੰ ਛੁੱਟ ਦਿੱਤੀ ਗਈ ਹੈ ।

   1) ਸਰਪੰਚ
   2) ਪਟਵਾਰੀ
   3) ਪੰਚਾਇਤ ਸਕੱਤਰ
   4) ਖੁਸ਼ਹਾਲੀ ਦੇ ਰਾਂਖੇ
   5) ਗਰਾਮ ਰੋਜਗਾਰ ਸੇਵਕ

2) ਇਸ ਤੋ ਇਲਾਵਾ ਜੇਕਰ ਕੋਈ ਵੀ ਗੈਰ ਸਰਕਾਰੀ ਸੁਸਥਾਵਾ ਫਰੀ ਰਾਸ਼ਨ ਦੀ ਵੰਡ ਕਰਨਾਂ ਚਾਹੁੰਦੀ ਹੈ ਤਾ ਉਹ ਉਕਤ ਸਸੁਥਾਂਵਾ ਉਪਰੋਕਤ ਦਰਜ ਲੜੀ ਨੰ 1 ਤੋ 5 ਤੱਕ ਦਰਜ ਨਾਲ ਮਿੱਲ ਕਰ ਪਿੰਡਾਂ ਵਿੱਚ ਰਾਸ਼ਨ ਦੀ ਵੰਡ ਕਰ ਸਕਦੀਆਂ ਹਨ ।

3) ਇਹ ਕਿ ਜੇਕਰ ਕੋਈ ਗੁਰਦੁਆਰਾ/ਮੰਦਰਾਂ ਆਦਿੰ ਰਾਸ਼ਨ ਦੀ ਵੰਡ ਕਰਨਾ ਚਾਹੁੰਦਾ ਹੈ ਤਾ ਉਹ ਲੜੀ ਨੰ 1 ਤੋ 5 ਤੇ ਦਰਜ ਵਿਅਕਤੀ ਨਾਲ ਮਿੱਲ ਕੇ ਕੀਤੀ ਜਾ ਸਕਦੀ ਹੈ ।ਗੁਰਦੁਆਰਾ/ਮੰਦਰ ਦਾ ਇਕ ਵਿਅਕਤੀ ਹੀ ਉਨ੍ਹਾਂ ਨਾਲ ਮਿਲ ਕੇ ਰਾਸ਼ਨ ਦੀ ਵੰਡ ਕਰ ਸਕਦਾ ਹੈ ।ਸਿਰਫ ਸੁਕੇ ਰਾਸ਼ਨ ਦੀ ਹੀ ਵੰਡ ਕੀਤੀ ਜਾ ਸਕਦੀ ਹੈ।ਕਿਉਕਿ ਗਿਲੇ ਰਾਸ਼ਨ ਨਾਲ ਵਾਇਰਸ ਫੈਲਣ ਦਾ ਖਤਰਾ ਵੱਧਦਾ ਹੈ।ਇਸ ਤੋ ਇਲਾਵਾ ਸਾਰੀਆਂ ਧਾਰਮਿਕ ਸੁਸਥਾਵਾ ਤੇ ਆਮ ਪਬਲਿਕ ਨੂੰ ਆਉਣ-ਜਾਉਣ ਤੋ ਰੋਕਿਆ ਜਾਵੇ ।

4) ਸਮੂਹ ਬੀ.ਡੀ.ਪੀ.ਓਜ ਵਲੋਂ ਪਿੰਡਾਂ ਵਿੱਚ ਕੀਤੇ ਫਰੀ ਰਾਸ਼ਨ ਦੀ ਵੰਡ ਸਬੰਧੀ ਰੋਜਾਨਾ ਰਿਪੋਰਟਾਂ ਇਸ ਦਫਤਰ ਦੀ ਮੇਲ ਆਈ.ਡੀ broadcastcovid19@gmail.com ਤੇ ਘੱਲੀ ਜਾਈਆਂ ਕਰਨ,ਅਤੇ ਇਹ ਵੀ ਧਿਆਨ ਰੱਖਿਆ ਜਾਵੇ ਕਿ ਪਿੰਡਾ ਵਿੱਚ ਫਰੀ ਰਾਸ਼ਨ ਤੋ ਕੋਈ ਗਰੀਬ ਵਿਅਕਤੀ ਰਹਿ ਨਾ ਜਾਵੇ ।

5) ਫਰੀ ਰਾਸ਼ਨ ਦੀ ਵੰਡ ਕਰਨ ਸਮੇਂ ਇਹ ਵੀ ਧਿਆਨ ਰੱਖਿਆ ਜਾਵੇ ਕਿ ਰਾਸ਼ਨ ਦੀ ਵੰਡ ਇਕੋ ਹੀ ਗਰੀਬ ਏਰੀਏ ਵਿੱਚ ਨਾ ਕੀਤੀ ਜਾਵੇ ਬਲਕਿ ਸਾਰੇ ਪਿੰਡ ਵਿੱਚ ਗਰੀਬਾ ਨੂੰ ਕਵਰ ਕੀਤਾ ਜਾਵੇ। ਸਾਰੇ ਸਲੱਮਜ ਈਰੀਏ ਨੂੰ ਕਵਰ ਕੀਤਾ ਜਾਵੇ ।ਇਸ ਤੋ ਇਲਾਵਾ ਆਪ ਜੀ ਦੀ ਡਵੀਜਨ ਅਧੀਨ ਸਾਰੀਆਂ ਗੈਰ ਸਰਕਾਰੀ ਸਮਾਜਿਕ ਸਸਥਾਵਾ ਨਾਲ ਵੀ ਤਾਲਮੇਲ ਕੀਤਾ ਜਾਵੇ ਕਿ ਉਨ੍ਹਾਂ ਵਲੋ ਹਾਲ ਦੀ ਘੜੀ ਕਿਸੀ ਸਲੱਮਜ ਏਰੀਏ ਦੇ ਅੰਦਰ ਸਮਾਨ ਦੀ ਵੰਡ ਕੀਤੀ ਗਈ ਹੈ ਜਾ ਨਹੀ ? ਤਾਂ ਜ਼ੋ ਇਕੋ ਹੀ ਸਲੱਮ ਏਰੀਏ ਵਿੱਚ ਬਾਰ-ਬਾਰ ਰਾਸ਼ਨ ਦੀ ਵੰਡ ਨਾ ਕੀਤੀ ਜਾਵੇ ।ਸਾਰੇ ਗਰੀਬ ਲੋਕਾ ਤੱਕ ਰਾਸ਼ਨ ਪਹੁੰਚ ਸਕੇ ।

ਇਹ ਕਿ ਉਕਤ ਹਦਾਇਤਾਂ ਦੀ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ ।

ਨੱਥੀ ਪ੍ਰੋਫਾਰਮਾ

ਡਿਪਟੀ ਕਮਿਸ਼ਨਰ
ਸੰਗਰੂਰ

Scanned with CamScanner

# ਗਰੀਬ ਅਤੇ ਜਰੂਰਤਮੰਦ ਪਰਿਵਾਰਾਂ ਲਈ ਮੁੱਫਤ ਰਾਸ਼ਨ ਮੁਹੱਈਆ ਕਰਵਾਉਣ ਸਬੰਧੀ ਪ੍ਰੋਫਾਰਮਾਂ

ਮਿਤੀ......................

| ਲੜੀ ਨੰ. | ਪਿੰਡ ਦਾ ਨਾਂ | ਬਸਤੀ/ਸਲੱਮ ਦਾ ਨਾਂ ਅਤੇ ਲੁਕੇਸ਼ਨ | ਬਸਤੀ/ਵਾਰਡ ਵਿੱਚ ਜਰੂਰਤਮੰਦ ਪਰਿਵਾਰਾਂ ਦੀ ਗਿਣਤੀ | ਹੁਣ ਤੱਕ ਘਰਾਂ ਵਿੱਚ ਪਹੁੰਚਾਈ ਜਾ ਚੁੱਕੀ ਰਾਹਤ ਦੀ ਗਿਣਤੀ | ਸੰਸਥਾਂ ਦਾ ਵੇਰਵਾ **(SDM, Police, NGO's, Political & Others)** | | ਵਿਸ਼ੇਸ਼ ਕਥਨ |
|---|---|---|---|---|---|---|---|
| | | | | | ਨਾਂ | ਮੋਬਾਇਲ ਨੰ. | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |

ਨੋਟ:- ਪ੍ਰੋਫਾਰਮੇ ਵਿੱਚ ਹਰੇਕ ਪਿੰਡ ਦਾ ਨਾਂ ਭਰਿਆ ਜਾਵੇ, ਭਾਵੇਂ ਉਨ੍ਹਾਂ ਕੋਲ ਰਾਸ਼ਨ ਪਹੁੰਚਿਆ ਹੈ ਭਾਵੇਂ ਨਹੀਂ।

## ਗਰੀਬ ਅਤੇ ਜਰੂਰਤਮੰਦ ਪਰਿਵਾਰਾਂ ਲਈ ਮੁੱਫਤ ਰਾਸ਼ਨ ਮੁਹੱਈਆ ਕਰਵਾਉਣ ਸਬੰਧੀ ਪ੍ਰੋਫਾਰਮਾਂ

ਮਿਤੀ......................

| ਲੜੀ ਨੰ. | ਸ਼ਹਿਰ ਦਾ ਨਾਂ | ਬਸਤੀ/ਸਲੰਮ ਦਾ ਨਾਂ ਅਤੇ ਲੁਕੇਸ਼ਨ | ਬਸਤੀ/ਵਾਰਡ ਵਿੱਚ ਜਰੂਰਤਮੰਦ ਪਰਿਵਾਰਾਂ ਦੀ ਗਿਣਤੀ | ਹੁਣ ਤੱਕ ਘਰਾਂ ਵਿੱਚ ਪਹੁੰਚਾਈ ਜਾ ਚੁੱਕੀ ਰਾਹਤ ਦੀ ਗਿਣਤੀ | ਸੰਸਥਾਂ ਦਾ ਵੇਰਵਾ **(SDM, Police, NGO's, Political & Others)** | | ਵਿਸ਼ੇਸ਼ ਕਥਨ |
|---|---|---|---|---|---|---|---|
| | | | | | ਨਾਂ | ਮੋਬਾਇਲ ਨੰ. | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |

ਨੋਟ:- ਪ੍ਰੋਫਾਰਮੇ ਵਿੱਚ ਹਰੇਕ ਬਸਤੀ/ਸਲੰਮ ਦਾ ਨਾਂ ਭਰਿਆ ਜਾਵੇ, ਭਾਵੇਂ ਉਨ੍ਹਾਂ ਕੋਲ ਰਾਸ਼ਨ ਪਹੁੰਚਿਆ ਹੈ ਭਾਵੇਂ ਨਹੀਂ।